IJCRT.ORG ISSN : 2320-2882

INTERNATIONAL JOURNAL OF CREATIVE RESEARCH THOUGHTS (IJCRT)

An International Open Access, Peer-reviewed, Refereed Journal

# ਡਾ.ਜਤਿੰਦਰ ਕੌਰ (ਸਹਾਇਕ ਪ੍ਰੋਫੈਸਰ)

ਗੁਰੂ ਨਾਨਕ ਕਾਲਜ, ਬੁਢਲਾਡਾ

(ਅਲੋਪ ਹੋ ਰਹੀਆ ਲੋਕ ਕਲਾਵਾ)

Abstract(ਸਾਰ) ਪ੍ਰਸਤੁਤ ਖੋਜ ਪੇਪਰ ਪੰਜਾਬ ਦੀਆਂ ਅਲੋਪ ਹੋ ਰਹੀਆਂ ਲੋਕ ਕਲਾਵਾਂ ਨਾਲ ਸੰਬੰਧਿਤ ਹੈ। ਕਲਾ ਦਾ ਸੰਬੰਧ ਮਨ ਨਾਲ ਹੋਣ ਕਾਰਨ ਮਨ ਦੀ ਹਲਚਲ ਹੀ ਕਲਾ ਨੂੰ ਜਨਮ ਦਿੰਦੀ ਹੈ। ਜਦੋਂ ਮਨੁੱਖ ਮਨ ਵਿਹਲਾ ਹੁੰਦਾ ਹੈ ਤਾਂ ਉਸ ਦੇ ਮਨ ਵਿਚ ਵੱਖ ਵੱਖ ਭਾਵ ਪੈਦਾ ਹੁੰਦੇ ਹਨ। ਮਨੁੱਖ ਆਪਣੀ ਬੁੱਧੀ ਸਦਕਾ ਉਹਨਾਂ ਭਾਵਾਂ ਨੂੰ ਰੂਪ ਦਿੰਦਾ ਹੈ ਤਾਂ ਉਸ ਕਿਰਤ ਨੂੰ ਕਲਾ ਦਾ ਨਾਂ ਦਿੱਤਾ ਜਾਂਦਾ ਹੈ।ਪੰਜਾਬ ਦੀ ਲੋਕ ਕਲਾ ਪੰਜਾਬੀ ਸੱਭਿਆਚਾਰ ਜਿੰਨੀ ਹੀ ਪੁਰਾਣੀ ਹੈ। ਲੋਕ ਕਲਾਵਾਂ ਦਾ ਖੇਤਰ ਅਸੀਮ ਹੈ। ਲੋਕ ਕਲਾ ਜੋ ਮਨੁੱਖੀ ਜੀਵਨ ਦੀਆਂ ਲੋੜਾਂ ਅਤੇ ਭਾਵਨਾਵਾਂ ਨਾਲ ਜੁੜੀ ਹੋਈ ਇੱਕ ਸਹਿਜ ਰਚਨਾਤਮਕ ਅਭਿਵਿਅਕਤੀ ਹੈ। ਪੀੜ੍ਹੀਆਂ ਦਾ ਅਨੁਭਵ ਖੁਰ ਖੁਰ ਕੇ ਲੋਕ ਕਲਾਂ ਨੂੰ ਨਿਖਾਰਦਾ ਤੇ ਸਵਾਰਦਾ ਰਿਹਾ ਹੈ।ਪੰਜਾਬ ਦੀ ਭੂਗੋਲਿਕ ਸਥਿਤੀ ਨੇ ਲੋਕ ਕਲਾਵਾਂ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ। ਪੰਜਾਬ ਦੇ ਪੇਂਡੂ ਜੀਵਨ ਵਿੱਚ ਲੋਕ ਕਲਾਵਾਂ ਦੇ ਅਨੇਕਾਂ ਰੂਪਾਂ ਵਿਕਸਿਤ ਹੋਏ ਮਿਲਦੇ ਹਨ। ਪੰਜਾਬ ਦੀ ਲੋਕ ਕਲਾ ਪੰਜਾਬੀ ਜੀਵਨ ਦੀ ਹੀ ਪੇਸ਼ਕਾਰੀ ਕਰਦੀ ਹੈ।ਇਸ ਖੋਜ ਪੇਪਰ ਵਿੱਚ ਔਰਤਾਂ ਦੁਆਰਾ ਲੋਕ ਕਲਾਵਾਂ ਨੂੰ ਉਜਾਗਰ ਕਰਨ ਲਈ ਕੀਤੇ ਗਏ ਯੋਗਦਾਨ ਬਾਰੇ ਹੀ ਚਰਚਾ ਕੀਤੀ ਗਈ ਹੈ।

ਕੀਵਰਡ(keyword) ਲੋਕ ਕਲਾ, ਫੁਲਕਾਰੀ, ਔਰਤਾਂ,ਪੈਂਡੂ ਜੀਵਨ, ਪੰਜਾਬੀ ਸਭਿਆਚਾਰ , ਕਢਾਈ,

ਸਾਹਿਤ ਮਨੁੱਖੀ ਭਾਵਨਾਵਾਂ ਅਤੇ ਸੰਵੇਦਨਾਵਾਂ ਨੂੰ ਸੰਚਾਰ ਕਰਨ ਲਈ ਇੱਕ ਸ੍ਰੇਸ਼ਟ ਮਾਧਿਅਮ ਹੈ। ਕਲਾ ਤੇ ਸੁਹਜ ਨੂੰ ਮਾਨਣ ਦੇ ਜਮਾਂਦਰੂ ਮਨੁੱਖੀ ਗੁਣਾ ਕਰਕੇ ਹੀ ਸੂਖਮ ਕਲਾਵਾਂ ਦੀ ਸਿਰਜਨਾ ਆਦਿ ਕਾਲ ਤੋਂ ਸਮਾਜ ਵਿੱਚ ਹੁੰਦੀ ਆ ਰਹੀ ਹੈ। ਸੰਸਾਰ ਦੀਆਂ ਜਿੰਨੀਆਂ ਵੀ ਸੂਖਮ ਕਲਾਵਾਂ ਹਨ ,ਉਹਨਾਂ ਵਿੱਚੋਂ ਸਾਹਿਤ ਵਿੱਚ ਹੀ ਇੰਨੀ ਸਮਰੱਥਾ ਹੈ ਜਿਸ ਰਾਹੀਂ ਸਮੁੱਚੀ ਮਨੁੱਖਤਾ ਦੇ ਵੱਖ -ਵੱਖ ਪੱਖਾਂ ਨੂੰ ਪੇਸ਼ ਕੀਤਾ ਜਾ ਸਕਦਾ ਹੈ। ਲੋਕ ਕਲਾ ਦਾ ਸਬੰਧ ਕਿਸੇ ਨਾ ਕਿਸੇ ਤਰ੍ਹਾਂ ਲੋਕ ਪਰੰਪਰਾ ਨਾਲ ਜੁੜਿਆ ਹੋਇਆ ਹੈ। ਪੰਜਾਬ ਦੀ ਭੂਗੋਲਿਕ ਤੇ ਇਤਿਹਾਸਕ ਸਥਿਤੀ ਦੇ ਕਾਰਨ ਪੰਜਾਬ ਵਿੱਚ ਲੋਕ ਕਲਾਂ ਨੂੰ ਵਿਕਸਿਤ ਹੋਣ ਦੇ ਮੌਕੇ ਨਹੀਂ ਮਿਲੇ ਕਿਉਂਕਿ ਪੰਜਾਬ ਲੰਮੇ ਸਮੇਂ ਤੱਕ ਹਮਲਾਵਰ ਕਬੀਲਿਆਂ ਦੇ ਹੱਲਿਆਂ ਦਾ ਸ਼ਿਕਾਰ ਬਣਿਆ ਰਿਹਾ ਜਿਸ ਕਾਰਨ ਪੰਜਾਬ ਵਿੱਚ ਕਲਾਕਾਰਾਂ ਨਾਲੋਂ ਯੋਧੇ ਵੱਧ ਪੈਦਾ ਹੋਏ।ਕਲਾ ਨੂੰ ਪ੍ਰਗਟ ਕਰਨ ਲਈ ਮਨੁੱਖੀ ਹਿਰਦੇ ਅੰਦਰ ਸ਼ਾਂਤ ਵਾਤਾਵਰਨ ਤੇ ਮਨ ਦੇ ਸਹਿਜ ਪ੍ਰਗਟਾਵੇ ਦੀ ਲੋੜ ਹੁੰਦੀ ਹੈ। ਇਹਨਾਂ ਦੋਵਾਂ ਗੱਲਾਂ ਦੀ ਪੰਜਾਬੀਆਂ ਨੂੰ ਘਾਟ ਰਹੀ ਹੈ। ਇਸੇ ਕਾਰਨ ਪੰਜਾਬ ਵਿੱਚ ਸੂਖਮ ਕਲਾਵਾਂ ਦੀ ਘਾਟ ਰਹੀ ਹੈ।ਪੰਜਾਬ ਵਿੱਚ ਲੋਕ ਕਲਾਂ ਦੀ ਹੋਂਦ ਦੇ ਸਬੂਤ ਆਦਿ ਕਾਲੀਨ ਕਲਾ ਅਵਸ਼ੇਸ਼ਾਂ ਵਿੱਚੋਂ ਪ੍ਰਾਪਤ ਹੁੰਦੇ ਹਨ। ਹੜੱਪਾ, ਮੋਹਿੰਜੋਦੜੋ, ਰੋਪੜ ਤੇ ਸੰਘੋਲ ਦੀ ਖੁਦਾਈ ਵਿੱਚੋਂ ਜੋ ਵਸਤਾਂ ਪ੍ਰਾਪਤ ਹੋਈਆਂ ਹਨ ਉਹਨਾਂ ਦਾ ਸਬੰਧ ਪੰਜਾਬ ਦੇ ਕਲਾਤਮਿਕ ਵਿਰਸੇ ਨਾਲ ਜੋੜਿਆ ਜਾਂਦਾ ਹੈ।

ਲੋਕ ਕਲਾ ਅੰਗਰੇਜ਼ੀ ਸ਼ਬਦ Folk Art ਦੇ ਸਮਾਨਾਰਥਕ ਸ਼ਬਦ ਵਜੋਂ ਵਰਤਿਆ ਜਾਂਦਾ ਹੈ। ਅੰਗਰੇਜ਼ੀ ਵਿੱਚ Folk ਦਾ ਅਰਥ ਲੋਕ,ਰਾਸ਼ਟਰ,ਜਨ-ਸਮੂਹ ਤੋਂ ਹੈ ।ਪਰ Art ਦਾ ਪੰਜਾਬੀ ਅਨੁਵਾਦ ਹੈ ਕਲਾ ਦੋ ਲਤੀਨੀ ਸਬਦ ARS ਤੋਂ ਬਣਿਆਂ ਹੈ, ਜਿਸ ਦਾ ਅਰਥ ਹੈ ਮੁਹਾਰਤ ਜਾਂ ਸੁਚੱਜਾ। ਲੋਕ -ਕਲਾ ਦਾ ਅਰਥ ਹੈ ਲੋਕਾਂ ਵਿੱਚ ਪੁੰਗਰੀ ਜਾਂ ਸਹਿਜ- ਸੁਭਾ ਉਪਜੀ ਕਲਾ, ਜਿਸ ਨੂੰ ਸਿੱਖਣ ਅਤੇ ਬਣਾਉਣ ਲਈ ਕਿਸੇ ਕਲਾ ਦੀ ਪਾਠਸ਼ਾਲਾ ਵਿੱਚ ਸਿਖਲਾਈ ਲੈਣ ਦੀ ਲੋੜ ਨਹੀਂ ਹੁੰਦੀ। ਜੋ ਕਲਾ ਲੋਕਾਂ ਵਿੱਚ ਆਪਣੇ ਆਪ ਪੁੰਗਰਦੀ ਹੈ, ਫੁੱਟਦੀ ਹੈ ਅਤੇ ਉਹਨਾਂ ਦੀ ਸਾਂਝੀ ਕਲਪਨਾ ਦਾ ਫੁੱਲ ਬਣਦੀ ਹੈ, ਉਹ ਲੋਕ ਕਲਾ ਅਖਵਾਉਂਦੀ ਹੈ।[1]

ਲੋਕ ਕਲਾ ਜੀਵਨ ਦੀਆਂ ਲੋੜਾਂ ਵਿੱਚੋਂ ਸਹਿਜ ਸੁਭਾਵਿਕ ਹੀ ਪੈਦਾ ਹੁੰਦੀ ਹੈ। ਲੋਕ ਕਲਾ ਅਜਿਹਾ ਹੁਨਰ ਹੈ, ਜਿਸ ਦਾ ਆਧਾਰ ਲੋਕ ਜੀਵਨ ਹੈ। ਇਹ ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ ਹੁੰਦੀ ਹੈ,ਲੋਕ ਸਮੂਹ ਦੀ ਪ੍ਰਵਾਨਗੀ ਨਾਲ ਇੱਕ ਪੀੜ੍ਹੀ ਦੂਜੀ ਪੀੜ੍ਹੀ ਨੂੰ ਵਿਰਸੇ ਵਿੱਚ ਅੱਗੇ ਤੋਰਦੀ ਹੈ।

ਇਸ ਵਿੱਚ ਲੋਕ ਮਾਨਸ ਦੀ ਅਭਿਵਿਅਕਤੀ ਅਤੇ ਲੋਕ ਸੰਸਕ੍ਰਿਤੀ ਦੇ ਅਵਸ਼ੇਸ਼ ਹੁੰਦੇ ਹਨ। ਇਸ ਵਿੱਚ ਲੋਕ ਸੰਗੀਤ, ਲੋਕ ਨਾਚ, ਲੋਕ ਨਾਟ,ਲੋਕ ਸੰਗੀਤ, ਲੋਕ ਚਿੱਤਰਕਾਰੀ ਤੇ ਬੁੱਤਕਾਰੀ, ਕਢਾਈ ਤੇ ਬੁਣਤੀ ਆਦਿ ਲੋਕ ਹੁਨਰਾਂ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ[2]।ਪੰਜਾਬ ਦੀ ਲੋਕ ਕਲਾ ਨੂੰ ਸਿਰਜਨ ਵਿੱਚ ਔਰਤਾਂ ਦਾ ਬਹੁਤ ਵੱਡਾ ਯੋਗਦਾਨ ਹੈ।

ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ ਉਹ ਕਲਾਂ ਜਿਸ ਨੂੰ ਆਦਿ-ਕਾਲ ਤੋਂ ਅਨੇਕਾਂ ਕਿਰਤੀਆਂ ਨੇ, ਆਪਣੇ ਅਨੁਭਵ ਨਾਲ ਸਿੰਜ ਕੇ ਰਸਾਇਆ ,ਪਕਾਇਆ ਤੇ ਨਿਖਾਰਿਆ ਅਤੇ ਜੋ ਪਰੰਪਰਾ ਦੀ ਧਾਰਾ ਦਾ ਅੰਗ ਬਣ ਕੇ ਵਿਗਸੀ, ਲੋਕ -ਕਲਾ ਅਖਵਾਈ[3]। ਸਾਡੇ ਬਜ਼ੁਰਗ ਆਪਣੇ ਹੱਥਾਂ ਨਾਲ ਜਿਹੜੀਆਂ ਵਸਤੂ ਤਿਆਰ ਕਰਦੇ ਸਨ,ਉਹ ਉੱਤਮ ਕਲਾ ਦੇ ਨਮੂਨੇ ਹੋ ਨਿਬੜੇ ਹਨ ਕਿਉਕਿ ਉਹ ਜੋ ਵੀ ਵਸਤੂ ਤਿਆਰ ਕਰਦੇ ਸਨ ਬੜੀ ਹੀ ਸਿਦਤ ਅਤੇ ਸੋਹਜ ਨਾਲ ਤਿਆਰ ਕਰਦੇ ਸਨ।ਸੋਹਜ ਅਤੇ ਸੁੰਦਰਤਾ ਦੀ ਭਾਵਨਾ ਹੀ ਉਸ ਕੰਮ ਨੂੰ ਕਲਾ ਦਾ ਰੁਤਬਾ ਦਿੰਦੀ ਹੈ।ਪੰਜਾਬ ਦੇ ਇਤਿਹਾਸ ਵਿੱਚ ਬਹੁਤ ਸਾਰੀਆਂ ਅਜਿਹੀਆਂ ਲੋਕ ਕਲਾਵਾਂ ਹਨ ਜਿਨਾਂ ਦਾ ਸੰਬੰਧ ਹੱਥਾਂ ਦੇ ਕਮਾਲ ਨਾਲ ਹੈ।ਪੰਜਾਬ ਦੀ ਲੋਕ ਕਲਾ ਦੀਆਂ ਸਿਰਜਕ ਇਸਤਰੀਆਂ ਹਨ। ਇਸਤਰੀ ਦਾ ਮਨ ਕੋਮਲ ਹੋਣ ਕਰਕੇ ਲੋਕ ਕਲਾ ਵਿੱਚ ਵੀ ਇਹ ਝਲਕ ਨਜ਼ਰ ਆਉਂਦੀ ਹੈ। ਪੰਜਾਬ ਦੀ ਔਰਤਾਂ ਦਾ ਲੋਕ ਕਲਾਵਾਂ ਨੂੰ ਪ੍ਰਫੁੱਲਤ ਕਰਨ ਵਿੱਚ ਬਹੁਤ ਵੱਡਾ ਯੋਗਦਾਨ ਹੈ। ਲੋਕ ਕਲਾ ਅਸਲ ਵਿੱਚ ਪ੍ਰੇਮ ਭਾਵਨਾ ਵਾਲੀ ਹੋਣ ਕਰਕੇ ਅਡੰਬਰ ਤੋਂ ਬਹੁਤ ਦੂਰ ਹੈ। ਪੰਜਾਬ ਦੇ ਪੇਂਡੂ ਜੀਵਨ ਅੰਦਰ ਲੋਕ ਕਲਾ ਦੇ ਅਨੇਕਾਂ ਰੂਪ ਮਿਲਦੇ ਹਨ। ਪੰਜਾਬ ਦੀਆਂ ਲੋਕ ਕਲਾਵਾਂ ਦਾ ਖੇਤਰ ਬਹੁਤ ਵਿਸ਼ਾਲ ਹੈ। ਡਾ. ਹਰਜੀਤ ਸਿੰਘ ਗਿੱਲ ਨੇ ਪੰਜਾਬੀ ਜੀਵਨ ਅੰਦਰ ਲੋਕ ਕਲਾ ਦੇ ਹੇਠ ਲਿਖੇ ਰੂਪਾਂ ਦੀ ਹੋਂਦ ਵੱਲ ਸੰਕੇਤ ਕੀਤਾ ਹੈ।

1) ਖੁਣਨ ਕਲਾ 2) ਖਿਡੌਣੇ

3) ਇਮਾਰਤਸਾਜੀ 4) ਕੰਧ ਚਿੱਤਰ

5) ਬੁਣਤੀ 6) ਕਢਾਈ

7) ਬਾਗ਼ -ਫੁਲਕਾਰੀਆਂ 8) ਦਰੀਆਂ ਆਦਿ[4]

ਲੋਕ ਕਲਾ ਦੇ ਉਪਰੋਕਤ ਰੂਪਾਂ ਵਿੱਚੋਂ ਸਭ ਤੋਂ ਵੱਧ ਦਿਲਚਸਪ ਗੱਲ ਇਹ ਹੈ ਕਿ ਇਹਨਾਂ ਵਿੱਚੋਂ ਬਹੁਤੇ ਕੰਮ ਘਰੇਲੂ ਔਰਤਾਂ ਹੀ ਕਰਦੀਆਂ ਰਹੀਆਂ ਹਨ। ਔਰਤਾਂ ਇੰਨਾ ਰਚਨਾਤਮਕ ਕੰਮਾਂ ਰਾਹੀਂ ਆਪਣੀ ਪ੍ਰਤਿਭਾ ਦੇ ਸਿਰਜਣਾਤਮਕ ਗੁਣਾਂ ਨੂੰ ਰੂਪਮਾਨ ਕਰਨ ਵਿੱਚ ਪੂਰੀ ਤਰ੍ਹਾਂ ਸਫਲ ਸਨ।ਔਰਤਾਂ ਦੀ ਪ੍ਰਤਿਭਾ ਦੇ ਮੁਕਾਬਲੇ ਕਿਸੇ ਵੀ ਮਰਦ ਦੀ ਪ੍ਰਤਿਭਾ ਸਾਵੀਂ ਨਹੀਂ ਸੀ ਉਤਰਦੀ। ਰੋਜਾਨਾ ਜੀਵਨ ਦੌਰਾਨ ਘਰਾਂ ਵਿੱਚ ਵਰਤੇ ਜਾਂਦੇ ਖੇਸ, ਦਰੀਆ, ਗਲੀਚੇ, ਚਾਦਰਾਂ ,ਫੁਲਕਾਰੀ ਕਢਾਈ ਦਾ ਕਾਰਜ ਵੀ ਲੋਕ ਕਲਾ ਦੀਆਂ ਪ੍ਰਸਿੱਧ ਵੰਨਗੀਆਂ ਵਿੱਚ ਹੈ। ਇਹ ਸਾਰਾ ਕੰਮ ਪੰਜਾਬ ਦੀਆਂ ਘਰੇਲੂ ਸੁਆਣੀਆਂ ਕਰਦੀਆਂ ਹਨ।ਪੰਜਾਬ ਦੀਆਂ ਔਰਤਾਂ ਵੱਲੋਂ ਬੁਣਾਈ ਕਢਾਈ ਦੇ ਨਾਲ ਨਾਲ ਛਿੱਕੂ, ਬੋਹਟੇ ਤੇ ਗੋਹਲੇ ਮੂਹੜੇ ਬਣਾਉਣ ਦਾ ਕੰਮ ਵੀ ਕੀਤਾ ਜਾਂਦਾ ਰਿਹਾ ਹੈ।

ਲੋਕ ਕਲਾਵਾਂ ਦੇ ਰੂਪਾਂ ਤੋ ਬਿਨਾਂ ਕਸੀਦਾਕਾਰੀ ਦੀ ਕਲਾ ਪੰਜਾਬੀ ਜਨ ਜੀਵਨ ਦਾ ਇਕ ਬਹੁਤ ਹੀ ਅਨਿੱਖੜਵਾਂ ਅੰਗ ਰਹੀ ਹੈ। ਮਾਵਾਂ- ਧੀਆਂ, ਘਰ ਦੀਆਂ ਵਹੁਟੀਆਂ ਘਰ ਦੇ ਕੰਮਾਂ ਤੋਂ ਵਿਹਲਿਆਂ ਹੋ ਕੇ ਕਸੀਦਾ ਕੱਢਦੀਆਂ। ਪਹਿਲਿਆਂ ਸਮਿਆਂ ਵਿੱਚ ਧੀ ਦੇ ਪੈਦਾ ਹੁੰਦਿਆਂ ਸਾਰ ਫੁਲਕਾਰੀ ਬਣਾਉਣੀ ਸ਼ੁਰੂ ਕਰ ਦਿੱਤੀ ਜਾਂਦੀ ਸੀ। ਮਾਂ ਆਪਣੀ ਧੀ ਨੂੰ ਦਾਜ ਵਿੱਚ ਕੋਈ ਚੀਜ਼ ਦੇਵੇ ਜਾਂ ਨਾ ਦੇਵੇ, ਪਰ ਫੁਲਕਾਰੀ ਜ਼ਰੂਰ ਦਿੰਦੀ ਸੀ।ਫੁਲਕਾਰੀ ਸ਼ਬਦ ਹਰ ਤਰ੍ਹਾਂ ਦੀ ਕਸੀਦਾਕਾਰੀ ਲਈ ਵਰਤਿਆ ਜਾਂਦਾ ਹੈ। ਅੱਜ ਤੋਂ ਲਗਭਗ 700 ਸਾਲ ਪਹਿਲਾਂ ਲਿਖੀ ਗਈ ਪੁਸਤਕ ਹਰਿਸ਼ਚਰਿੱਤਰ ਵਿਚ ਫੁਲਕਾਰੀ ਦਾ ਜਿਕਰ ਮਿਲਦਾ ਹੈ। ਇਸ ਪੁਸਤਕ ਅਨੁਸਾਰ ਵਿਆਹ ਦੀ ਇੱਕ ਮੌਕੇ ਉੱਤੇ ਕੁਝ ਵਿਅਕਤੀ ਕੱਪੜਿਆਂ ਦੀ ਪੁੱਠੇ ਪਾਸਿਓਂ ਫੁੱਲਾਂ ਦੀ ਕਢਾਈ ਕਰ ਰਹੇ ਸਨ। ਕਿਉਂਜੋ ਫੁਲਕਾਰੀ ਕਢਦਿਆਂ ਸਮੇਂ ਵੀ ਕਢਾਈ ਦਾ ਕੰਮ ਕੱਪੜੇ ਦੇ ਪੁੱਠੇ ਪਾਸਿਓਂ ਕੀਤਾ ਜਾਂਦਾ ਹੈ, ਇਸ ਲਈ ਸੰਭਵ ਹੈ ਕਿ ਇਸ ਪੁਸਤਕ ਦਾ ਸੰਕੇਤ ਫੁਲਕਾਰੀ ਵੱਲ ਹੀ ਹੋਵੇ। ਸਿੱਖ ਧਰਮ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਹੈ:

ਕਢਿ ਕਸੀਦਾ ਪਹਿਰਹਿ ਚੋਲੀ,

ਤਾਂ ਤੂੰ ਜਾਣੇ ਨਾਰੀ।।

ਗੁਰੂ ਜੀ ਦੀ ਇਸ ਕਥਨ ਤੋਂ ਉਹਨਾਂ ਦੇ ਸਮੇਂ ਵਿੱਚ ਕਢਾਈ ਦੇ ਕੰਮ ਦਾ ਮਹੱਤਵ ਸਪਸ਼ਟ ਹੋ ਜਾਂਦਾ ਹੈ, ਭਾਵ ਨਾਰੀ ਨੂੰ ਕਢਾਈ ਕਰਨ ਦਾ ਕੰਮ ਆਉਣਾ ਜ਼ਰੂਰੀ ਸਮਝਿਆ ਜਾਂਦਾ ਸੀ।[5]

ਪੰਜਾਬ ਦੀ ਲੋਕ ਕਲਾ ਵਿੱਚ ਫੁਲਕਾਰੀ ਦਾ ਮੁੱਖ ਸਥਾਨ ਹੈ। ਫੁਲਕਾਰੀ ਸ਼ਬਦ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ ਫੁੱਲ ਅਤੇ ਕਾਰੀ। ਜਿਸ ਦਾ ਅਰਥ ਹੈ ਫੁੱਲ ਕੱਢਣ ਦੀ ਕਲਾ। ਕਢਾਈ ਦੀ ਇਸ ਕਲਾ ਲਈ ਬਹੁਤ ਸਾਰੇ ਨਮੂਨੇ ਮਿਲਦੇ ਹਨ। ਪੰਜਾਬ ਦੀਆਂ ਇਸਤਰੀਆਂ ਬੜੀ ਰੀਝ ਨਾਲ ਫੁਲਕਾਰੀ ਦੀ ਕਢਾਈ ਕਰਦੀਆਂ ਹਨ। ਡਾ. ਵਣਜਾਰਾ ਬੇਦੀ ਦੇ ਅਨੁਸਾਰ ਫੁਲਕਾਰੀ ਉਹਨਾਂ ਲਈ ਧਰਮ ਸਾਧਨਾ ਰਹੀ ਹੈ। ਇਹ ਉਹ ਸੁੱਚੀ ਤੇ ਸੱਚੀ ਲੋਕ ਕਲਾ ਹੈ ਜਿਸ ਦੇ ਇੱਕ ਇੱਕ ਧਾਗੇ ਵਿੱਚ ਉਨਾ ਨਹੀਂ ਆਪਣੀਆਂ ਭਾਵਨਾਵਾਂ ਨੂੰ ਖੋਰਿਆ ਤੇ ਮੋਹ ਨੂੰ ਰਚਾਇਆ ਹੈ। ਫੁਲਕਾਰੀ

ਤਟਫਟ ਤਿਆਰ ਹੋਣ ਵਾਲਾ ਕਾਰਜ ਨਹੀਂ ਹੈ। ਇਸ ਵਿੱਚ ਅਤਿ ਦਾ ਧੀਰਜ, ਠਰੰਮਾ, ਸਿਦਕ ਤੇ ਲਗਾਅ ਦੀ ਲੋੜ ਹੁੰਦੀ ਹੈ।'ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਫੁਲਕਾਰੀ ਦੀ ਰਚਨਾ ਪੰਜਾਬਣਾਂ ਨੇ ਘਰਾਂ ਦੀ ਲੋੜ ਦੀ ਪੂਰਤੀ ਵਾਸਤੇ ਹੀ ਸ਼ੁਰੂ ਕੀਤੀ ਸੀ।ਫਿਰ ਉਸ ਦੀ ਸੋਹਜਾਤਮਕ ਰੁਚੀ ਨੇ ਉਸ ਨੂੰ ਕਲਾ ਬਣਾ ਦਿੱਤਾ।ਜਿਸ ਵਿੱਚ ਹੁਣ ਪੰਜਾਬਣ ਦਾ ਦਿਲ ਧੜਕਦਾ ਹੈ। ਦੁਨੀਆ ਭਰ ਵਿੱਚ ਪੰਜਾਬਣ ਦੀ ਫੁਲਕਾਰੀ ਦੀ ਕਢਾਈ ਦਾ ਮੁਕਾਬਲਾ ਕੋਈ ਨਹੀਂ ਕਰ ਸਕਦਾ।ਫੁਲਕਾਰੀ ਨਾਲ ਪੰਜਾਬਣਾਂ ਦੀਆਂ ਅਨੇਕਾਂ ਭਾਵਨਾਵਾਂ ਜੁੜੀਆਂ ਹੋਈਆਂ ਹਨ,ਜੋ ਲੋਕ-ਗੀਤਾਂ ਵਿੱਚ ਵੀ ਦੇਖੀਆਂ ਜਾ ਸਕਦੀਆਂ ਹਨ ਜਿਵੇਂ

ਫੁਲਕਾਰੀ ਮੇਰੀ ਰੇਸ਼ਮੀ ਰੰਗ ਢੁਕਾਏ ਠੀਕ

ਛੇਤੀ ਦਰਸ਼ਨ ਦੇਣੇ, ਮੈਂ ਰਸਤੇ ਰਹੀ ਉਲੀਕ

ਫੁਲਕਾਰੀ ਦੀ ਕਢਾਈ ਰੰਗੇ ਹੋਏ ਖੱਦਰ ਦੇ ਕੱਪੜੇ ਉੱਤੇ ਹੀ ਜਾਂਦੀ ਹੈ। ਫੁਲਕਾਰੀ ਦੀ ਕਢਾਈ ਲਈ ਰੇਸ਼ਮੀ ਧਾਗਾ ਵਰਤਿਆ ਜਾਂਦਾ ਹੈ।ਫੁਲਕਾਰੀ ਵਿੱਚ ਰੰਗਾਂ ਦੀ ਚੋਣ ਕਰਨ ਲਈ ਬੜੀ ਸੂਝ- ਬੂਝ ਤੋਂ ਕੰਮ ਲਿਆ ਜਾਂਦਾ ਹੈ।ਫੁਲਕਾਰੀ ਦਾ ਹੁਨਰ ਲੋਕ ਕਲਾ ਦਾ ਸਿਖਰ ਮੰਨਿਆ ਜਾਂਦਾ ਹੈ। ਇਸ ਦੇ ਕਈ ਰੂਪ ਜਿਵੇ ਬਾਗ਼,ਚੋਪ,ਸੁੱਭਰ,ਤਿਲ-ਪੱਤਰਾ ਤੇ ਨੀਲਕ,ਘੁੰਗਟ ਬਾਗ਼ ,ਛਮਾਸ ਪ੍ਰਸਿੱਧ ਹਨ।ਬਾਗ ਫੁਲਕਾਰੀ ਦਾ ਸਭ ਤੋਂ ਦਿਲਕਸ਼ ਨਮੂਨਾ ਹੈ। ਚੋਪ ਤੇ ਸੁਬਰ ਲੜਕੀ ਦੇ ਵਿਆਹ ਸਮੇਂ ਨਾਨਕੇ ਨਾਨਕੀ ਛੱਕ ਦੇ ਰੂਪ ਵਿੱਚ ਲੈ ਕੇ ਆਉਂਦੇ ਹਨ । ਤਿਲ ਪੱਤਰਾ ਫੁਲਕਾਰੀ ਮਿਹਨਤਾਨਾ ਦੇ ਕੇ ਕਢਾਈ ਜਾਂਦੀ ਹੈ। ਇਸ ਕਿਸਮ ਦੀ ਫੁਲਕਾਰੀ ਲਾਗੀਆਂ ਨੂੰ ਵਿਆਹ ਸਮੇਂ ਦਿੱਤੀ ਜਾਂਦੀ ਹੈ। ਨੀਲਕ ਕਾਲੇ ਜਾਂ ਨੀਲੇ ਰੰਗ ਦੇ ਕੱਪੜੇ ਉੱਤੇ ਗੂੜ੍ਹੇ ਲਾਲ ਰੰਗ ਦੀ ਰੇਸ਼ਮੀ ਧਾਗੇ ਨਾਲ ਕੱਢੀ ਹੋਈ ਫੁਲਕਾਰੀ ਹੁੰਦੀ ਹੈ। ਘੁੰਗਟ ਬਾਗ ਰਾਵਲਪਿੰਡੀ ਦੇ ਇਲਾਕੇ ਵਿੱਚ ਵਧੇਰੀ ਪ੍ਰਸਿੱਧ ਹੈ ਘੁੰਗਟ ਬਾਗ ਵਿੱਚ ਅਕਸਰ ਦੋ ਤਿਕੋਣੇ ਬੂਟੇ ਕੱਢੇ ਜਾਂਦੇ ਹਨ ਅਤੇ ਸਜਾਵਟ ਲਈ ਕਿਨਾਰਿਆ ਉਤੇ ਗੋਟਾ ਲਾਇਆ ਜਾਂਦਾ ਹੈ। ਛਮਾਸ ਫੁਲਕਾਰੀ ਵਿੱਚ ਸ਼ੀਸ਼ੇ ਛੋਟੇ -ਛੋਟੇ ਪੀਲੇ ਜਾਂ ਸਲੇਟੀ ਟੁਕੜੇ ਨੀਲੇ ਧਾਗੇ ਨਾਲ ਲਾਲ ਜਾਂ ਸਲੇਟੀ ਕੱਪੜੇ ਉੱਤੇ ਜੜ ਦਿੱਤੇ ਜਾਂਦੇ ਹਨ ਜਿਸ ਨਾਲ ਇਸ ਦਾ ਭਾਰ ਕਾਫ਼ੀ ਹੋ ਜਾਂਦੀ ਹੈ।

ਫੁਲਕਾਰੀ ਤੋਂ ਬਿਨਾਂ ਖੇਸ, ਦਰੀਆਂ, ਗਲੀਚੇ, ਚਾਦਰਾਂ, ਸਿਰਹਾਣੇ ਆਦਿ ਦੀ ਕਢਾਈ ਦਾ ਕੰਮ ਵੀ ਲੋਕ ਕਲਾ ਦਾ ਉੱਤਮ ਨਮੂਨੇ ਹਨ। ਦਰੀਆਂ ਬੁਣਨ ਦੀ ਕਲਾ ਵੀ ਪੰਜਾਬ ਵਿੱਚ ਹਰਮਨ ਪਿਆਰੀ ਰਹੀ ਹੈ। ਫੁਲਕਾਰੀ ਦੀ ਤਰ੍ਹਾਂ ਦਰੀ ਵੀ ਵਿਆਹ ਵਿੱਚ ਗਹਿਣਿਆਂ ਵਾਂਗ ਦਿੱਤੀ ਜਾਂਦੀ ਸੀ।ਦਰੀਆਂ ਵਿੱਚ ਵੰਨ-ਸੁਵੰਨੇ ਪੰਛੀ, ਜਾਨਵਰ ਅਤੇ ਵੇਲ ਬੂਟਿਆਂ ਦੇ ਡਿਜਾਇਨ ਦੇਖ ਕੇ ਰੂਹ ਖੁਸ਼ ਹੋ ਜਾਂਦੀ ਹੈ।ਇਸ ਤੋਂ ਇਲਾਵਾ ਪੱਖੀਆਂ ਦੀ ਬੁਣਤੀ, ਝੋਲੀਆਂ ਤੇ ਰੁਮਾਲਾ ਆਦਿ ਦੀ ਕਢਾਈ ਨੇ ਵੀ ਪੰਜਾਬ ਦੀ ਲੋਕ ਕਲਾ ਨੂੰ ਅਮੀਰੀ ਬਖ਼ਸ਼ੀ ਹੈ। ਪੱਖੀਆਂ ਆਮ ਤੌਰ ਤੇ ਖਜੂਰ ਦੇ ਪੱਤਿਆਂ ਦੀ , ਬੈਂਤ ਦੀ ਅਤੇ ਕੱਪੜੇ ਦੀਆਂ ਬਣੀਆਂ ਹੁੰਦੀਆਂ ਸਨ।ਪੱਖੀ ਬਾਰੇ ਲੋਕ ਗੀਤ ਹੈ :

ਖੱਖੀ ਨਾਲ ਘੁੰਗਰੂ ਲਗੇ, ਵਿੱਚ ਲਗੀ ਸ਼ਬਦ ਕਿਨਾਰੀ।

ਨਿੱਕੇ ਮਾਹਣੂ ਮੰਦੇ ਜੁ ਹੁੰਦੇ, ਰੋਂਦਿਆਂ ਉਮਰ ਗੁਜ਼ਾਰੀ।

ਘਰਾਂ ਦੀ ਸਜਾਵਟ ਲਈ ਔਰਤਾਂ ਮਿੱਟੀ ਦੀਆਂ ਮੂਰਤੀਆਂ ਬੜੀ ਲਗਨ ਨਾਲ ਬਣਾਉਂਦੀਆਂ ਸਨ।ਕਿਸੇ ਤਿਉਹਾਰ ਸਮੇਂ ਆਪਣੇ ਬੱਚਿਆਂ ਨੂੰ ਖੁਸ਼ ਕਰਨ ਲਈ ਮਾਵਾਂ ਮਿੱਟੀ ਦੇ ਖਿਡੌਣੇ, ਚਿੜੀਆਂ, ਤੋਤੇ , ਘੁੱਗੀਆਂ ਕਬੂਤਰ ਆਦਿ ਬਣਾ ਕੇ ਦਿੰਦੀਆਂ ਸਨ। ਖੁਦਾਈ ਦੌਰਾਨ ਦੇਵੀ ਦੀਆਂ ਮੂਰਤੀਆਂ ਪ੍ਰਾਪਤ ਹੋਇਆ ਹਨ। ਨਰਾਤਿਆਂ ਦੇ ਦਿਨਾਂ ਵਿੱਚ ਕੁੜੀਆਂ ਕੰਧ ਉੱਤੇ ਗੋਹੇ ਨਾਲ ਸਾਂਝੀ ਦੇਵੀ ਦੀ ਮੂਰਤੀ ਬਣਾਉਂਦੀਆਂ ਹਨ। ਉਹ ਸਾਂਝੀ ਦੇਵੀ ਅੱਗੇ ਹਰ ਰੋਜ਼ ਦੀਵਾ ਜਗਾ ਕੇ ਮੱਥਾ ਟੇਕਦੀਆਂ ਹਨ ।ਦੁਸ਼ਹਿਰੇ ਵਾਲੇ ਦਿਨ ਕੰਧ ਤੋਂ ਮੂਰਤੀ ਉਤਾਰ ਕੇ ਉਸਦੇ ਨਾਲ ਖੇਤਰੀ ਨੂੰ ਪਾਣੀ ਵਿੱਚ ਰੋੜ ਦਿੰਦੀਆਂ ਹਨ। ਕੱਤਕ ਦੇ ਮਹੀਨੇ ਕੰਧ ਉੱਤੇ ਅਹੋਈ ਮਾਤਾ ਦੇ ਮੂਰਤੀ ਬਣਾ ਕੇ ਉਸ ਦੀ ਪੂਜਾ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਕੀਤੀ ਜਾਂਦੀ ਹੈ।ਇਸ ਤੋਂ ਬਿਨਾਂ ਔਰਤਾਂ ਖਜੂਰ,ਕਾਨੇ ਅਤੇ ਸਰਵਾੜ ਨੂੰ ਲੈ ਕੇ ਛਿੱਕੂ,ਮੂੜੇ,ਟੋਕਰੀਆ ਆਦਿ ਬੜੀ ਰੀਝ ਨਾਲ ਤਿਆਰ ਕਰਦੀਆਂ ਸਨ। ਵਿਆਹ ਦੀ ਸੁਹਾਗ ਪਟਾਰੀ ਵੀ ਆਪਣੇ ਹੱਥੀ ਬਣਾਉਂਦੀਆਂ ਸਨ।

ਅੰਤ ਵਿੱਚ ਇਹ ਕਹਿ ਸਕਦੇ ਹਾਂ ਕਿ ਲੋਕ ਕਲਾਵਾਂ ਦਾ ਜਿਆਦਾਤਰ ਨਿਭਾਅ ਇਸਤਰੀਆਂ ਦੁਆਰਾ ਹੀ ਹੋਇਆ ਹੈ। ਇਸਤਰੀ ਮਨ ਦੇ ਕੋਮਲ ਹੋਣ ਕਾਰਨ ਲੋਕ ਕਲਾ ਪ੍ਰੇਮ ਭਾਵਨਾ ਵਾਲੀ ਅਤੇ ਕਿਸੇ ਪ੍ਰਕਾਰ ਦੇ ਅਡੰਬਰ ਤੋਂ ਮੁਕਤ ਹੈ।ਪੰਜਾਬ ਦੀਆਂ ਘਰੇਲੂ ਸੁਆਣੀਆ ਨੇ ਲੋਕ ਕਲਾਵਾਂ ਨੂੰ ਆਪਣੇ ਬੱਚਿਆਂ ਵਾਂਗ ਪਾਲਿਆ ਹੈ। ਵਿਗਿਆਨਿਕ ਸੋਚ ਅਤੇ ਆਧੁਨਿਕਤਾ ਦੀ ਚਮਕ ਦਮਕ ਨੇ ਮਨੁੱਖ ਦੀ ਲੋਕ ਕਲਾਵਾਂ ਵਿੱਚੋਂ ਰੁਚੀ ਕਾਫ਼ੀ ਘਟਾ ਦਿੱਤੀ ਹੈ। ਸੱਭਿਆਚਾਰਕ ਉਥਲ-ਪੁਥਲ ਸਦਕਾ ਦੂਸਰਾ ਮਸ਼ੀਨੀ ਯੁੱਗ ਦੇ ਸ਼ੁਰੂ ਹੋਣ ਕਾਰਨ ਹੱਥੀ ਤਿਆਰ ਕੀਤੀਆਂ ਕਲਾਤਮਕ ਵਸਤੂਆਂ ਦਾ ਸੁਹਜ ਅਲੋਪ ਹੋ ਗਿਆ ਹੈ। ਸੋਸ਼ਲ ਮੀਡੀਆ ਨੇ ਜ਼ਿੰਦਗੀ ਦੇ ਹਰ ਇੱਕ ਪੱਖ ਨੂੰ ਪ੍ਰਭਾਵਿਤ ਕੀਤਾ ਹੈ। ਮੀਡੀਆ ਦੁਆਰਾ ਮਸ਼ੀਨੀ ਵਸਤਾਂ ਦੀ ਵੱਧ ਮਸ਼ਹੂਰੀ ਕੀਤੀ ਜਾਂਦੀ ਹੈ। ਨਵੀਂ ਪੀੜ੍ਹੀ ਜੋ ਕਿ ਪੁਰਾਤਨ ਲੋਕ ਕਲਾਵਾਂ ਤੋਂ ਅਣਜਾਣ ਹੈ , ਉਨ੍ਹਾਂ ਨੂੰ ਇਹਨਾਂ ਲੋਕ ਕਲਾਵਾਂ ਤੋ ਜਾਣੂ ਕਰਵਾਉਣਾ ਜ਼ਰੂਰੀ ਹੈ। ਇਸ ਤਰ੍ਹਾਂ ਲੋਕ ਕਲਾਵਾਂ ਦੇ ਮਹੱਤਵ ਨੂੰ ਮੁੱਖ ਰੱਖਦੇ ਹੋਏ ਇਸ ਵਿਰਾਸਤ ਨੂੰ ਸੰਭਾਲਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਇਸ ਅਨਮੋਲ ਵਿਰਾਸਤ ਨੂੰ ਕਾਇਮ ਰੱਖਿਆ ਜਾ ਸਕੇ।

ਹਵਾਲੇ ਟਿੱਪਣੀਆਂ


1) ਪ੍ਰੋ.(ਡਾ .) ਸਤਿੰਦਰ ਸਿੰਘ, ਡਾ. ਮਹਿੰਦਰ ਸਿੰਘ ਬਨਵੈਤ,(ਸੰਪਾ.), ਗਿਆਨ -ਮਾਲਾ (ਵਿਗਿਆਨਕ ਤੇ ਸਮਾਜ ਵਿਗਿਆਨਕ ਲੇਖਾਂ ਦਾ ਸੰਗ੍ਰਹਿ), ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ,1999, ਪੰਨਾ 8

2)ਸੋਹਿੰਦਰ ਸਿੰਘ ਬੇਦੀ, ਪੰਜਾਬ ਦੇ ਲੋਕਧਾਰਾ, ਨੈਸ਼ਨਲ ਬੁੱਕ ਟਰੱਸਟ, ਇੰਡੀਆ,2021,ਪੰਨਾ 169

3)ਡਾ. ਕਰਨੈਲ ਸਿੰਘ ਥਿੰਦ ,ਪੰਜਾਬ ਦਾ ਲੋਕ ਵਿਰਸਾ ( ਭਾਗ ਦੂਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ,2002ਪੰਨਾ 4

4) ਡਾ. ਭੁਪਿੰਦਰ ਸਿੰਘ ਖਹਿਰਾ ,ਡਾ. ਸੁਰਜੀਤ ਸਿੰਘ,(ਸੰਪਾ.) ਲੋਕ ਧਾਰਾ ਦੀ ਭੂਮਿਕਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2009,ਪੰਨਾ 67

5)ਪੋ.(ਡਾ.) ਸਤਿੰਦਰ ਸਿੰਘ, ਡਾ.ਮਹਿੰਦਰ ਸਿੰਘ ਬਨਵੈਤ (ਸੰਪਾ.), ਗਿਆਨ ਮਾਲਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ,ਅੰਮ੍ਰਿਤਸਰ,1999 ਪੰਨਾ 8-9

6) ਪ੍ਰੋ. ਜੀਤ ਸਿੰਘ ਜੋਸ਼ੀ, ਲੋਕਧਾਰਾ ਸਿਧਾਂਤ ਤੇ ਵਿਸ਼ਲੇਸ਼ਣ , ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ,2014, ਪੰਨਾ 114


IJCRT